


# Orientation to Ontario

## ਖਪਤਕਾਰ ਸਬੰਧੀ ਜਾਗਰੂਕਤਾ

### ਫੋਨ ਅਤੇ ਇੰਟਰਨੈਟ ਸੇਵਾਵਾਂ

ਸ਼ਹਿਰੀ ਇਲਾਕਿਆਂ ਵਿੱਚ ਕਈ ਵਿਕਲਪ ਮੌਜੂਦ ਹਨ। ਸਾਰੇ ਵਿਕਲਪਾਂ ਦੀ ਖੋਜ ਕਰਨੀ ਯਕੀਨੀ ਬਣਾਓ ਅਤੇ ਕਿਸੇ ਵੀ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਇਸਦੇ ਸਾਰੇ ਵੇਰਵਿਆਂ ਨੂੰ ਸਮਝੋ। ਤੁਸੀਂ ਹੇਠਾਂ ਦਿੱਤਿਆਂ ਤਰੀਕਿਆਂ ਰਾਹੀਂ ਪੈਸਾ ਬਚਾ ਸਕਦੇ ਹੋ:

- ਆਪਣੇ ਫੋਨ, ਇੰਟਰਨੈਟ ਅਤੇ ਕੇਬਲ ਸੇਵਾਵਾਂ ਦੀ ਬੰਡਲਿੰਗ (ਸੁਮੇਲ) ਕਰਨਾ।
- ਸੈੱਲ ਫੋਨ ਸੇਵਾਵਾਂ ਲਈ ਪਰਿਵਾਰਕ ਪਲਾਨ ਖ਼ਰੀਦਣੇ।
- ਲੰਮੀ ਦੂਰੀ ਅਤੇ ਅੰਤਰਰਾਸ਼ਟਰੀ ਕਾਲਿੰਗ ਕਾਰਡ ਦੀ ਵਰਤੋਂ ਕਰਨੀ।

ਜੇ ਤੁਹਾਡੇ ਘਰ ਵਿੱਚ ਇੰਟਰਨੈਟ ਨਹੀਂ ਲੱਗਿਆ ਹੈ, ਤਾਂ ਇਹਨਾਂ ਬਾਰੇ ਵਿਚਾਰ ਕਰਨਾ:

- ਆਪਣੀ ਸਥਾਨਕ ਪਬਲਿਕ ਲਾਇਬ੍ਰੇਰੀ ਲਾਇਬ੍ਰੇਰੀ ਕਾਰਡ ਨਾਲ) ਮੁਫ਼ਤ ਇੰਟਰਨੈਟ ਸੇਵਾਵਾਂ ਦੀ ਵਰਤੋਂ ਕਰਨਾ।
- ਮੁਫ਼ਤ ਵਾਇਰਲੈਸ ਪਹੁੰਚ (WI-Fi ਹਾੱਟਸਪਾੱਟ ਵੀ ਕਿਹਾ ਜਾਂਦਾ ਹੈ) ਦੇਣ ਵਾਲੇ ਕਾਫ਼ੀ ਹਾਉਸਾਂ ਅਤੇ ਰੈਸਤਰਾਂ ਵਿੱਚ ਜਾਣਾ।

ਫੋਨ ਅਤੇ ਇੰਟਰਨੈਟ ਸੇਵਾਵਾਂ ਬਾਰੇ ਹੋਰ ਜਾਣਨ ਲਈ settlement.org ਜਾਂ findlink.at/dailylife 'ਤੇ ਜਾਓ।

### ਕਨੇਡਾ ਪੋਸਟ

ਤੁਸੀਂ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਕਨੇਡਾ ਪੋਸਟ ਦੇ ਰਿਟੇਲ ਸਟੋਰਾਂ 'ਤੇ ਪੈਕੇਜ ਭੇਜ ਅਤੇ ਪ੍ਰਾਪਤ ਕਰ ਸਕਦੇ ਹੋ। ਤੁਸੀਂ ਕਨੇਡਾ ਪੋਸਟ ਦੀ ਈ-ਪੋਸਟ ਸੇਵਾ ਨਾਲ ਬਿੱਲਾਂ ਦਾ ਆਨਲਾਈਨ ਪ੍ਰਬੰਧ ਅਤੇ ਭੁਗਤਾਨ ਕਰ ਸਕਦੇ ਹੋ।
ਜਾਂ ਹੋਰ ਉਤਪਾਦਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਲਈ canadapost.ca 'ਤੇ ਜਾਓ ਜਾਂ **1-866-607-6301** 'ਤੇ ਕਾਲ ਕਰੋ।

### ਭੋਜਨ ਖ਼ਰੀਦਣਾ

ਤੁਸੀਂ ਇੱਥੋਂ ਭੋਜਨ ਖ਼ਰੀਦ ਸਕਦੇ ਹੋ:

- ਕਰਿਆਨੇ ਦੇ ਸਟੋਰ ਅਤੇ ਸੁਪਰਮਾਰਕੀਟਾਂ
- ਸਹੂਲਤ ਵਾਲੇ ਸਟੋਰ (ਜਾਂ "ਕੌਰਨਰ ਸਟੋਰ")। ਇਹਨਾਂ ਸਟੋਰਾਂ 'ਤੇ ਭੋਜਨ ਵੱਧ ਮਹਿੰਗਾ ਹੈ।
- ਫਲ ਅਤੇ ਸਬਜ਼ੀਆਂ ਦੇ ਛੋਟੇ ਬਜ਼ਾਰ।
- ਬੁੱਚਰਸ ਅਤੇ ਬੇਕਰੀਆਂ।

**ਅਹਿਮ ਟਿੱਪਣੀ**

ਓਂਟਾਰੀਓ ਦੇ ਸਥਾਨਕ ਭੋਜਨ ਬੈਂਕ ਹਨ, ਜਿੱਥੇ ਮਾਲੀ ਦਿੱਕਤਾਂ ਵਾਲੇ ਲੋਕ ਕਰਿਆਨੇ ਦਾ ਮੁਫ਼ਤ ਸਮਾਨ ਲੈ ਸਕਦੇ ਹਨ।
416-656-4100 'ਤੇ ਕਾਲ ਕਰੋ ਜਾਂ feedontario.ca ਜਾਂ http://findlink.at/Foodbanks 'ਤੇ ਫ਼ੀਡ ਓਂਟਾਰੀਓ 'ਤੇ ਜਾਓ।

### ਟਿੱਪ ਦੇਣਾ

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਚੰਗੀ ਸੇਵਾ ਮਿਲੀ ਹੈ, ਸ਼ਾਇਦ ਰੈਸਤਰਾਂ ਜਾਂ ਟੈਕਸੀ ਲੈਣੀ, ਤਾਂ ਤੁਹਾਡੇ ਕੋਲ ਟਿੱਪ ਛੱਡਣ ਦਾ ਵਿਕਲਪ ਹੈ। ਇਹ ਆਮ ਤੌਰ 'ਤੇ ਬਿੱਲ ਦੀ 10-15% ਹੁੰਦੀ ਹੈ। ਟਿੱਪ ਦੇਣਾ ਲਾਜ਼ਮੀ ਨਹੀਂ ਹੈ।

### ਖਪਤਕਾਰ ਦੀ ਸੁਰੱਖਿਆ

ਖਪਤਕਾਰ ਦੇ ਤੌਰ 'ਤੇ ਖਪਤਕਾਰ ਸੁਰੱਖਿਆ ਕਾਨੂੰਨ ਰਾਹੀਂ ਤੁਹਾਡੀ ਰਾਖੀ ਕੀਤੀ ਜਾਂਦੀ ਹੈ। ਇਸ ਵਿੱਚ ਕੀ ਸ਼ਾਮਿਲ ਹੈ, ਬਾਰੇ ਹੋਰ ਜਾਣਨ ਲਈ ਕਿਰਪਾ ਕਰਕੇ ontario.ca ਜਾਂ findlink.at/consrights 'ਤੇ ਜਾਓ।




**1-855-626-0002**
https://settlement.org/o2o




Funded by / Financé par

Immigration, Refugees and Citizenship Canada
Immigration, Réfugiés et Citoyenneté Canada
Ontario

# ਖਪਤਕਾਰ ਦੀ ਸੁਰੱਖਿਆ

ਅਸੀਂ ਸਾਰੇ ਖਪਤਕਾਰ ਦੀ ਸੁਰੱਖਿਆ ਵਿੱਚ ਭੂਮਿਕਾ ਨਿਭਾਉਂਦੇ ਹਾਂ। ਸਰਕਾਰ ਨੇ ਖਪਤਕਾਰਾਂ ਦੀ ਸੁਰੱਖਿਆ ਲਈ ਕਾਨੂੰਨ ਬਣਾਏ ਹਨ ਅਤੇ ਕੰਪਨੀਆਂ ਨੂੰ ਗਾਹਕ ਦੀ ਸੁਰੱਖਿਆ ਅਤੇ ਮੁਲਾਜ਼ਮ ਦੀ ਜਾਣਕਾਰੀ ਲਈ ਬਣੇ ਕਾਨੂੰਨਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। ਹਾਲਾਂਕਿ, ਕਨੇਡਾ ਵਿੱਚ ਰਹਿੰਦੇ ਸਾਰਿਆਂ ਨੂੰ ਉਹਨਾਂ ਦੀ ਰਾਖੀ ਕਰਨ ਲਈ ਕਾਰਵਾਈਆਂ ਜ਼ਰੂਰ ਕਰਨੀਆਂ ਚਾਹੀਦੀਆਂ ਹਨ।

- ਖਪਤਕਾਰੀ ਮਾਮਲਿਆਂ ਬਾਰੇ ਦਫ਼ਤਰ consumerinformation.ca 'ਤੇ ਖਪਤਕਾਰ ਦੀ ਸੁਰੱਖਿਆ ਬਾਰੇ ਕਈ ਵਿਸ਼ਿਆਂ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ।
- ਕਨੈਡੀਅਨ ਐਂਟੀ-ਫ੍ਰਾਡ ਸੈਂਟਰ antifraudcentre-centreantifraude.ca 'ਤੇ ਖਪਤਕਾਰ ਨਾਲ ਧੋਖੇਬਾਜ਼ੀ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਸਾਂਝੀ ਕਰਦਾ ਹੈ।

## ਪਛਾਣ ਦੀ ਚੋਰੀ

ਪਛਾਣ ਦੀ ਚੋਰੀ ਉਸ ਸਮੇਂ ਹੁੰਦੀ ਹੈ, ਜਦੋਂ ਇੱਕ ਵਿਅਕਤੀ ਜੁਰਮ ਕਰਨ ਲਈ ਤੁਹਾਡੀ ਮੰਜ਼ੂਰੀ ਤੋਂ ਬਿਨਾ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਦਾ ਹੈ। ਪਛਾਣ ਦੀ ਚੋਰੀ ਕਰਨ ਵਾਲੇ ਚੋਰ ਤੁਹਾਡੇ ਪੈਸੇ ਦੀ ਚੋਰੀ ਕਰਨ ਜਾਂ ਖ਼ਰੀਦਾਰੀਆਂ ਕਰਨ ਲਈ ਤੁਹਾਡੇ ਕ੍ਰੈਡਿਟ ਕਾਰਡ ਦੀ ਵਰਤੋਂ ਕਰ ਸਕਦੇ ਹਨ। ਤੁਹਾਡੇ ਨਾਂ ਨਾਲ ਹੋਰ ਜੁਰਮ ਕਰਨ ਲਈ ਉਹ ਤੁਹਾਡੀ ਪਛਾਣ ਦੀ ਚੋਰੀ ਵੀ ਕਰ ਸਕਦੇ ਹਨ।

ਹੇਠਾਂ ਦਿੱਤੀ ਜਾਣਕਾਰੀ ਅਤੇ ਦਸਤਾਵੇਜ਼ਾਂ ਦੀ ਰਾਖੀ ਕਰਨਾ ਬਹੁਤ ਜ਼ਰੂਰੀ ਹੈ:

- ਸੋਸ਼ਲ ਇੰਸ਼ੋਰੈਂਸ ਨੰਬਰ
- ਡ੍ਰਾਈਵਰ ਲਾਇਸੈਂਸ ਨੰਬਰ
- ਸਿਹਤ ਕਾਰਡ ਨੰਬਰ
- ਕ੍ਰੈਡਿਟ ਕਾਰਡ ਅਤੇ ਬੈਂਕ ਸਬੰਧੀ ਜਾਣਕਾਰੀ
- ਬੈਂਕ ਕਾਰਡ
- ਜਨਮ ਸਰਟੀਫ਼ਿਕੇਟ
- ਪਾਸਪੋਰਟ
- ਵੀਜ਼ਾ ਅਤੇ ਪੜ੍ਹਾਈ ਸਬੰਧੀ ਪਰਮਿਟ

ਬਹੁਤ ਸਾਰੇ ਤਰੀਕੇ ਹਨ, ਜਿਹਨਾਂ ਨਾਲ ਚੋਰ ਤੁਹਾਡੀ ਪਛਾਣ ਦੀ ਚੋਰੀ ਕਰ ਸਕਦੇ ਹਨ। ਉਹ ਤੁਹਾਡੇ ਮੇਲਬਾਕਸ ਤੋਂ ਮੇਲ ਲੈ ਸਕਦੇ ਹਨ ਜਾਂ ਤੁਹਾਡਾ ਬਟੂਆ, ਪਰਸ ਜਾਂ ਬੈਗ ਚੋਰੀ ਕਰ ਸਕਦੇ ਹਨ। ਚੋਰ ਤੁਹਾਡੇ ਘਰ, ਕਾਰ, ਲਾਕਰ ਜਾਂ ਇੱਥੋਂ ਤੱਕ ਕਿ ਤੁਹਾਡੇ ਕੂੜੇਦਾਨ ਅਤੇ ਰੀਸਾਈਕਲਿੰਗ ਵਾਲੇ ਕੂੜੇਦਾਨਾਂ ਵਿੱਚੋਂ ਕਾਗਜ਼ ਅਤੇ ਅਹਿਮ ਦਸਤਾਵੇਜ਼ ਵੀ ਲੈ ਸਕਦੇ ਹਨ।

## ਆਨਲਾਈਨ ਸੁਰੱਖਿਆ

ਆਨਲਾਈਨ ਬੈਂਕਿੰਗ ਅਤੇ ਖ਼ਰੀਦਾਰੀ ਪਛਾਣ ਚੋਰੀ ਹੋਣ ਦੇ ਤੁਹਾਡੇ ਜੋਖਮ ਵਧਾ ਸਕਦੀ ਹੈ। ਕੰਪਿਊਟਰ ਤੋਂ ਤੁਹਾਡੀ ਜਾਣਕਾਰੀ ਚੋਰੀ ਕੀਤੀ ਜਾ ਸਕਦੀ ਹੈ। ਪਬਲਿਕ ਕੰਪਿਊਟਰਾਂ ਦੀ ਵਰਤੋਂ ਕਰਦਿਆਂ ਬਹੁਤ ਹੀ ਚੌਕਸ ਰਹੋ, ਜਿਵੇਂ ਲਾਇਬ੍ਰੇਰੀਆਂ ਅਤੇ ਕੰਪਿਊਟਰ ਲੈਬਸ ਵਿਚ। ਆਪਣੀ ਈਮੇਲ ਅਤੇ ਵੈਬਸਾਈਟਾਂ ਨੂੰ ਹਮੇਸ਼ਾ ਲੌਗਆਊਟ ਕਰੋ। ਵੈਬਸਾਈਟਾਂ 'ਤੇ ਆਪਣੇ ਪਾਸਵਰਡ ਸੇਵ ਨਾ ਕਰੋ ਅਤੇ ਆਪਣੀ ਸਰਚ ਹਿਸਟਰੀ ਡਿਲੀਟ ਕਰੋ।

- ਤੁਸੀਂ ਅਨਜਾਣ ਲੋਕਾਂ ਵਲੋਂ ਮਿਲਣ ਵਾਲੀਆਂ ਉਹਨਾਂ ਈਮੇਲਾਂ ਦਾ ਜਵਾਬ ਨਾ ਦਿਓ, ਜਿਹਨਾਂ ਵਿੱਚ ਤੁਹਾਡੀ ਨਿੱਜੀ ਜਾਣਕਾਰੀ ਪੁੱਛੀ ਗਈ ਹੈ।
- ਅਨਜਾਣ ਲੋਕਾਂ ਤੋਂ ਮਿਲਣ ਵਾਲੇ ਸੁਨੇਹਿਆਂ ਵਿਚਲੇ ਲਿੰਕਸ 'ਤੇ ਕਲਿੱਕ ਨਾ ਕਰੋ।
- ਉਹਨਾਂ ਈਮੇਲ ਸੁਨੇਹਿਆਂ 'ਤੇ ਭਰੋਸਾ ਨਾ ਕਰੋ, ਜੋ ਇਨਾਮਾਂ, ਅਵਾਰਡਾਂ ਜਾਂ ਤੇਜ਼ੀ ਨਾਲ ਪੈਸੇ ਬਣਾਉਣ ਦੇ ਤਰੀਕਿਆਂ ਦੀ ਪੇਸ਼ਕਸ਼ ਕਰਦੇ ਹਨ।
- ਆਪਣੇ ਪਾਸਵਰਡ ਕਦੀ ਵੀ ਸਾਂਝੇ ਨਾ ਕਰੋ ਅਤੇ ਅੰਦਾਜ਼ਾ ਨਾ ਲਾਏ ਜਾਣ ਵਾਲੇ ਮੁਸ਼ਕਿਲ ਪਾਸਵਰਡ ਬਣਾਓ।
- eBay, Craigslist ਅਤੇ Kijiji ਵਰਗੀਆਂ ਵੈਬਸਾਈਟਾਂ ਤੋਂ ਖ਼ਰੀਦਾਰੀਆਂ ਕਰਨ ਬਾਰੇ ਚੌਕਸ ਰਹੋ; ਅਨਜਾਣ ਲੋਕਾਂ ਨੂੰ ਪੈਸਾ ਨਾ ਭੇਜੋ।

## ਰੋਕਥਾਮ

ਤੁਹਾਡੀ ਪਛਾਣ ਦੀ ਚੋਰੀ ਹੁੰਦਿਆਂ ਸਾਰ ਹੀ, ਇਸ ਸਮੱਸਿਆ ਦਾ ਹੱਲ ਕਰਨਾ ਬਹੁਤ ਮੁਸ਼ਕਿਲ ਹੋ ਸਕਦਾ ਹੈ। ਤੁਹਾਡਾ ਕ੍ਰੈਡਿਟ ਕਈ ਸਾਲਾਂ ਲਈ ਬਰਬਾਦ ਹੋ ਸਕਦਾ ਹੈ, ਜਿਸ ਕਰਕੇ ਸੈੱਲ ਫ਼ੋਨ ਖਾਤਾ, ਕ੍ਰੈਡਿਟ ਕਾਰਡ ਜਾਂ ਇੱਥੋਂ ਤੱਕ ਕਿ ਮੌਰਟਗੇਜ ਲੈਣਾ ਮੁਸ਼ਕਿਲ ਹੋ ਜਾਂਦਾ ਹੈ।

ਸਰਵਿਸ ਕਨੇਡਾ 'ਤੇ ਆਪਣੇ ਸੋਸ਼ਲ ਇੰਸ਼ੋਰੈਂਸ ਨੰਬਰ ਦੀ ਰਾਖੀ ਕਰਨ ਬਾਰੇ ਜਾਣੋ। servicecanada.gc.ca ਜਾਂ findlink.at/IS-SIN 'ਤੇ ਜਾਓ।

## ਕ੍ਰੈਡਿਟ ਰਿਪੋਰਟਾਂ

ਤੁਹਾਡੀ ਰਿਪੋਰਟ ਤੁਹਾਡੇ ਸਾਰੇ ਮਾਲੀ ਸੌਦਿਆਂ ਤੋਂ ਜਾਣਕਾਰੀ ਇਕੱਠੀ ਕਰਦੀ ਹੈ, ਇਸ ਵਿੱਚ ਕਰਜ਼ੇ ਦੇ ਭੁਗਤਾਨ, ਕ੍ਰੈਡਿਟ ਕਾਰਡ, ਟੈਲੀਫੋਨ ਅਤੇ ਇੰਟਰਨੈਟ ਅਕਾਊਂਟ ਅਤੇ ਹੋਰ ਬਿੱਲ ਸ਼ਾਮਿਲ ਹੁੰਦੇ ਹਨ। ਦੇਰ ਨਾਲ ਜਾਂ ਅਦਾ ਨਾ ਕੀਤੇ ਗਏ ਭੁਗਤਾਨ ਜਾਂ ਬਿੱਲ ਅਦਾ ਨਾ ਕਰਨ ਨਾਲ ਤੁਹਾਡਾ ਕ੍ਰੈਡਿਟ ਸਕੋਰ ਹੇਠਾਂ ਆ ਜਾਏਗਾ। ਇਸ ਨਾਲ ਕਰਜ਼ਾ ਜਾਂ ਮੌਰਟਗੇਜ ਲੈਣ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਏਗਾ।

ਖਪਤਕਾਰ ਦੀ ਸੁਰੱਖਿਆ ਬਾਰੇ ਓਂਟਾਰੀਓ ਦੀ ਵੈੱਬਸਾਈਟ ontario.ca ਜਾਂ findlink.at/credreport 'ਤੇ ਓਂਟਾਰੀਓ ਵਿੱਚ ਕ੍ਰੈਡਿਟ ਰਿਪੋਰਟਾਂ ਬਾਰੇ ਹੋਰ ਜਾਣੋ।



### ਅਹਿਮ ਟਿੱਪਣੀ

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਪਛਾਣ ਚੋਰੀ ਹੋ ਗਈ ਹੈ, ਤਾਂ ਤੁਸੀਂ ਹੇਠਾਂ ਦਿੱਤੀਆਂ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਨਾਲ ਸੰਪਰਕ ਕਰਕੇ ਆਪਣੀ ਕ੍ਰੈਡਿਟ ਰਿਪੋਰਟ 'ਤੇ ਧੋਖੇਬਾਜ਼ੀ ਦਾ ਅਲਰਟ ਪਾ ਸਕਦੇ ਹੋ: Equifax: 1-800-465-7166 ਅਤੇ Trans Union: 1-877-525-3823.




### ਕੀ ਤੁਹਾਨੂੰ ਪਤਾ ਹੈ?

ਆਪਣੇ ਡੈਬਿਟ ਕਾਰਡ ਅਤੇ ਕ੍ਰੈਡਿਟ ਕਾਰਡ ਅਤੇ ਆਪਣੀ ਨਿੱਜੀ ਪਛਾਣ ਦੇ ਨੰਬਰਾਂ (PINs) ਦੀ ਰਾਖੀ ਕਰਨਾ, ਖਪਤਕਾਰਾਂ ਦੀ ਜ਼ਿੰਮੇਵਾਰੀ ਹੈ। ਤੁਹਾਨੂੰ ਗੁੰਮ ਹੋਏ ਅਤੇ ਚੋਰੀ ਹੋਏ ਕਾਰਡਾਂ ਦੀ ਰਿਪੋਰਟ ਜ਼ਰੂਰੀ ਕਰਾਉਣੀ ਚਾਹੀਦੀ ਹੈ, ਤਾਂਜੋ ਉਹਨਾਂ ਨੂੰ ਡੀਐਕਟੀਵੇਟ (ਬੰਦ) ਕੀਤਾ ਜਾ ਸਕੇ। ਜੇ ਤੁਸੀਂ ਕਿਸੇ ਨੂੰ ਆਪਣਾ ਪਿੰਨ ਦਿੰਦੇ ਹੋ, ਤਾਂ ਧੋਖੇਬਾਜ਼ੀ ਦੇ ਇਲਜ਼ਾਮਾਂ ਲਈ ਤੁਸੀਂ ਜ਼ਿੰਮੇਵਾਰ ਹੋ ਸਕਦੇ ਹੋ, ਜੇ ਉਹ ਕਰਦਾ/ਕਰਦੀ ਹੈ।

